© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040312

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.12

| DOI | Received Date | Accepted Date | Published Date |
|---|---|---|---|
| 10.64119/armaan.vol.4.issue3.12 | August 09, 2026 | August 31, 2026 | September 05, 2026 |

ਖੋਜ ਪੇਪਰ (Research Article)

# ਰੂਪ ਸਿੰਘ ਦਾ ਨਾਵਲ 'ਬਾਕੀ ਸਫ਼ਾ 5 'ਤੇ': ਇੱਕ ਅਧਿਐਨ

## Roop Singh Da Naval 'Baki Safa 5 Te': Ikk Adhyain

**ਡਾ. ਜਸਪਾਲ ਸਿੰਘ (Dr. Jaspal Singh)**

ਸਹਾਇਕ ਪ੍ਰੋਫ਼ੈਸਰ, ਭਾਸ਼ਾਵਾਂ ਵਿਭਾਗ (Assistant Professor, Dept. of Languages)

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ (ਪੰਜਾਬ)- 151302

ORCID: 0009-0004-2385-7004

*E-Mail:* jaspalsinghmansa510@gmail.com

***ਸਾਰ (Abstract)***

*'ਬਾਕੀ ਸਫ਼ਾ 5 'ਤੇ' ਰੂਪ ਸਿੰਘ ਦਾ ਅਜਿਹਾ ਨਾਵਲ ਹੈ, ਜੋ ਖਾੜਕੂਵਾਦ ਦੇ ਦੌਰ ਦੌਰਾਨ ਪੁਲਿਸ ਅਤੇ ਖਾੜਕੂਆਂ ਵਿਚਲੇ ਟਕਰਾਅ ਨੂੰ ਮਨੁੱਖਤਾ ਦੇ ਘਾਣ ਵਜੋਂ ਪੇਸ਼ ਕਰਦਾ ਹੈ। ਨਾਵਲ ਦਾ ਕੇਂਦਰੀ ਪਾਤਰ 'ਗੁਰਮੀਤ' ਉਨ੍ਹਾਂ ਨਿਰਦੋਸ਼ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਪੁਲਿਸ ਤਸ਼ੱਦਦ ਦਾ ਸ਼ਿਕਾਰ ਬਣੇ। ਉਸ ਦੀ ਮਾਂ 'ਮੇਲੋ' ਰਾਹੀਂ ਲੇਖਕ ਨੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਪੁੱਤਾਂ ਦੀਆਂ ਮਾਵਾਂ ਦੇ ਦਰਦ ਨੂੰ ਉਲੀਕਿਆ ਹੈ। 'ਸਰਪੰਚ' ਪਾਤਰ ਅਤੇ ਸਿਆਸਤਦਾਨਾਂ ਦੀਆਂ ਕੋਝੀਆਂ ਚਾਲਾਂ ਰਾਹੀਂ ਨਿੱਜੀ ਹਿਤਾਂ ਲਈ ਆਪਣੇ ਹੀ ਲੋਕਾਂ ਦਾ ਘਾਣ ਕਰਵਾਉਣ ਵਾਲਿਆਂ ਨੂੰ ਬੇਨਕਾਬ ਕੀਤਾ ਗਿਆ ਹੈ। ਨਾਵਲਕਾਰ ਨੇ ਉਸ ਦੌਰ ਦੇ ਜਾਨੀ-ਮਾਲੀ ਨੁਕਸਾਨ ਨੂੰ ਨਿਰਪੱਖ ਹੋ ਕੇ ਚਿਤਰਿਆ ਹੈ, ਜੋ ਪਾਠਕ ਨੂੰ ਸਮਾਜਿਕ ਬਗਾਵਤਾਂ ਤੇ ਲਹਿਰਾਂ ਦੇ ਮੂਲ ਕਾਰਨਾਂ ਨੂੰ ਸਮਝਣ ਲਈ ਪ੍ਰੇਰਿਤ ਕਰਦਾ ਹੈ। ਕਾਂਡਾਂ ਤੋਂ ਰਹਿਤ ਇਹ ਰਚਨਾ ਮਲਵਈ ਉਪ-ਭਾਸ਼ਾ ਦੀ ਠੇਠ ਸ਼ਬਦਾਵਲੀ, ਦ੍ਰਿਸ਼-ਵਰਣਨ ਅਤੇ ਵਿਅੰਗ ਦੀ ਕਲਾਤਮਕ ਜੁਗਤ ਰਾਹੀਂ ਨਾਵਲ ਵਿੱਚ ਰੌਚਿਕਤਾ, ਰਵਾਨੀ ਅਤੇ ਪ੍ਰਭਾਵਸ਼ਾਲੀ ਰੰਗ ਭਰਦੀ ਹੈ। ਭਾਵੁਕਤਾ ਅਤੇ ਸੰਵੇਦਨਸ਼ੀਲਤਾ ਦੀ ਖ਼ੂਬਸੂਰਤ ਪੇਸ਼ਕਾਰੀ ਕਾਰਨ ਇਹ ਨਾਵਲ ਸਾਹਿਤਕ ਜਗਤ ਵਿੱਚ ਇੱਕ ਅਹਿਮ ਪ੍ਰਾਪਤੀ ਸਾਬਤ ਹੁੰਦਾ ਹੈ।*

***ਮੁੱਖ-ਸ਼ਬਦ (Keywords)***

*ਰੂਪ ਸਿੰਘ, ਨਾਵਲ, ਖਾੜਕੂਵਾਦ, ਪੁਲਿਸ, ਸੱਤਾ, ਮਨੁੱਖਤਾ, ਮਲਵਈ, ਪਿੱਛਲ-ਝਾਤ, ਰਚਨਾਤਮਕ ਜੁਗਤਾਂ।*

ਪੰਜਾਬ ਭਾਰਤ ਦਾ ਇਕ ਅਜਿਹਾ ਸੂਬਾ ਹੈ, ਜਿਹੜਾ ਲੰਬਾ ਅਰਸਾ ਹਮਲਾਵਰਾਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਅਜੋਕੇ ਸਮੇਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਅਸਿੱਧੇ ਹਮਲਿਆਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਅਨੇਕਾਂ ਹਮਲਾਵਰਾਂ ਸਮੇਤ ਮੁਗਲਾਂ ਅਤੇ ਬਾਅਦ ਵਿਚ ਅੰਗਰੇਜ਼ਾਂ ਨੇ ਇਸਨੂੰ ਗੁਲਾਮ ਬਣਾ ਕੇ ਮਧੋਲ ਸੁੱਟਿਆ। ਇਨ੍ਹਾਂ ਹਮਲਿਆਂ ਤੋਂ ਇਲਾਵਾ ਪੰਜਾਬ ਅੰਦਰ ਲੱਗੀਆਂ ਫ਼ਿਰਕੂ ਅੱਗਾਂ ਨੇ ਵੀ ਪੰਜਾਬ ਦਾ ਬਹੁਤ ਨੁਕਸਾਨ ਕੀਤਾ। ਪੰਜਾਬ ਨਾਲ ਵਾਪਰੀਆਂ ਅਣਹੋਣੀਆਂ ਅਤੇ ਇਸ ਦੁਆਰਾ ਹੰਢਾਇਆ ਸੰਤਾਪ ਅੱਜ ਵੀ ਪੰਜਾਬੀ ਲੋਕਾਂ ਦੇ ਚੇਤਿਆਂ ਵਿਚੋਂ ਵਿੱਸਰ ਨਹੀਂ ਸਕਿਆ। ਪੰਜਾਬ ਦੁਆਰਾ ਝੱਲੇ ਗਏ ਸੰਤਾਪ ਦੀ ਪੇਸ਼ਕਾਰੀ ਸਾਹਿਤ ਦੇ ਵਿਭਿੰਨ ਰੂਪਾਂ 'ਚ ਹੋਈ ਮਿਲਦੀ ਹੈ। ਲਗਭਗ ਹਰ ਵਿਧਾ ਦੇ ਲੇਖਕਾਂ ਨੇ ਇਸ ਉੱਪਰ ਕਲਮ-ਅਜ਼ਮਾਈ ਕੀਤੀ। ਸੰਤਾਲੀ ਤੇ ਚੁਰਾਸੀ ਪੰਜਾਬ ਦੇ ਪਿੰਡੇ 'ਤੇ ਅਜਿਹੇ ਜ਼ਖ਼ਮ ਹਨ, ਜਿਹੜੇ ਅਜੇ ਵੀ ਅੱਲੇ ਹਨ ਅਤੇ ਰਿਸ ਰਹੇ ਹਨ। ਚੁਰਾਸੀ ਵਾਪਰਨ ਤੋਂ ਬਾਅਦ ਉਪਜੀਆਂ ਪ੍ਰਸਥਿਤੀਆਂ ਉੱਪਰ ਵੀ ਕਿਸੇ ਨਾ ਕਿਸੇ ਰੂਪ ਵਿੱਚ ਵਿਚਾਰ-ਚਰਚਾ ਚੱਲਦੀ ਹੀ ਰਹਿੰਦੀ ਹੈ। ਸਾਹਿਤਕ ਰਚਨਾਵਾਂ ਵਿੱਚ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਖਾੜਕੂ ਲਹਿਰ ਬਾਰੇ ਵਿਚਾਰ-ਚਰਚਾ ਅੰਕਿਤ ਕੀਤੀ ਮਿਲਦੀ ਹੈ। ਉਸ ਦੌਰ/ਲਹਿਰ ਬਾਰੇ ਆਪਣਾ ਵਿਚਾਰਧਾਰਕ ਨਜ਼ਰੀਆ ਸਪੱਸ਼ਟ ਕਰਨ ਲਈ ਉਸ ਸਮੇਂ ਦੀ ਪੰਜਾਬੀ ਪੱਤਰਕਾਰੀ ਨੇ ਵੀ ਅਹਿਮ ਭੂਮਿਕਾ ਨਿਭਾਈ। ਜੇਕਰ ਕੋਈ ਪੰਜਾਬੀ ਅਖ਼ਬਾਰ ਸਿੱਖ ਮਸਲਿਆਂ ਦੀ ਤਰਜਮਾਨੀ ਕਰਦਾ ਰਿਹਾ ਤਾਂ ਇਸ ਦੇ ਉਲਟ ਕੋਈ ਅਖ਼ਬਾਰ ਖਾੜਕੂ ਲਹਿਰ ਦੇ ਵਿਰੋਧ ਵਿੱਚ ਵੀ ਭੁਗਤਦਾ ਰਿਹਾ:

> *"ਅਜੀਤ ਨੇ ਖਾੜਕੂ ਲਹਿਰ 'ਚ ਸਿੱਖ ਜਵਾਨੀ ਦੇ ਪੂਰੀ ਸ਼ਿੱਦਤ ਨਾਲ ਕੁੱਦਣ ਦੇ ਪੱਖ ਨੂੰ ਪ੍ਰਵਾਨਦਿਆਂ ਉਨ੍ਹਾਂ ਦੀਆਂ ਮੌਤਾਂ ਨੂੰ ਸ਼ਹੀਦੀਆਂ ਵਜੋਂ ਸਵੀਕਾਰਿਆ.....ਦੂਜੇ ਪਾਸੇ 'ਜਗ ਬਾਣੀ' ਨੇ ਸਿੱਖ ਖਾੜਕੂਵਾਦ ਨੂੰ ਆਰੰਭ ਤੋਂ ਹੀ ਅੱਤਵਾਦ ਦਾ ਨਾਂ ਦੇ ਕੇ ਤ੍ਰਿਸ਼ਕਾਰਿਆ।"* [1]

ਇਸ ਪ੍ਰਕਾਰ ਦੀ ਚਰਚਾ ਸਾਹਿਤਕ/ਆਲੋਚਨਾਤਮਕ ਪੁਸਤਕਾਂ ਵਿੱਚ ਵੀ

ਬਹੁਕੋਣਾਂ ਤੋਂ ਪੇਸ਼ ਕੀਤੀ ਮਿਲਦੀ ਹੈ। ਰੂਪ ਸਿੰਘ ਦਾ ਨਾਵਲ 'ਬਾਕੀ ਸਫ਼ਾ 5 'ਤੇ' ਖਾੜਕੂ ਲਹਿਰ ਬਾਰੇ ਵਿਚਾਰ-ਚਰਚਾ ਨੂੰ ਕੇਂਦਰ ਵਿੱਚ ਰੱਖ ਕੇ ਇਸ ਲਹਿਰ ਦੇ ਸਰੂਪ ਅਤੇ ਨਤੀਜਿਆਂ ਨੂੰ ਮੂਰਤੀਮਾਨ ਕਰਦਾ ਹੈ।

ਰੂਪ ਸਿੰਘ ਦਾ ਜਨਮ 15 ਦਸੰਬਰ 1962 ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੋਡੀਪੁਰਾ ਵਿਖੇ ਹੋਇਆ। 1975 ਵਿੱਚ ਉਹ ਦਿੱਲੀ ਚਲਾ ਗਿਆ ਅਤੇ ਆਪਣੀ ਬਹੁਤੀ ਪੜ੍ਹਾਈ ਦਿੱਲੀ ਵਿੱਚ ਹੀ ਕੀਤੀ ਪਰ ਰਾਜਧਾਨੀ ਵਿੱਚ ਰਹਿੰਦਿਆਂ ਵੀ ਉਹ ਪੰਜਾਬ ਲਈ ਦਰਦ ਰੱਖਦਾ ਹੈ। ਪੰਜਾਬ ਦੇ ਦਰਦ ਨੂੰ ਸੰਵੇਦਨਸ਼ੀਲਤਾ ਨਾਲ ਸਮਝਦਿਆਂ ਉਹ ਆਪਣੀਆਂ ਰਚਨਾਵਾਂ ਵਿੱਚ ਬੜੀ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। ਉਸ ਦੀਆਂ ਰਚਨਾਵਾਂ ਦੇ ਵਿਸ਼ੇ ਵੰਨ-ਸੁਵੰਨੇ, ਪ੍ਰਭਾਵਸ਼ਾਲੀ ਅਤੇ ਨਿਵੇਕਲੇ ਹੁੰਦੇ ਹਨ। ਲੇਖਕ ਦੀਆਂ ਰਚਨਾਵਾਂ ਵਿੱਚ ਪੰਜਾਬ ਦੇ ਦੁਖਾਂਤਕ ਅਤੀਤ ਦਾ ਝੋਰਾ, ਵਰਤਮਾਨ ਦੀ ਫ਼ਿਕਰਮੰਦੀ ਅਤੇ ਭਵਿੱਖ ਦੇ ਸੁਧਾਰ ਦੀ ਚਾਹਤ ਬਾਖ਼ੂਬੀ ਪ੍ਰਗਟ ਹੁੰਦੀ ਹੈ।

'ਬਾਕੀ ਸਫ਼ਾ 5 'ਤੇ' ਨਾਵਲ ਤੋਂ ਇਲਾਵਾ ਲੇਖਕ ਦਾ ਇੱਕ ਕਹਾਣੀ-ਸੰਗ੍ਰਹਿ 'ਇੰਨੀ ਦਿਨੀਂ' (2006) ਅਤੇ ਤਿੰਨ ਹੋਰ ਨਾਵਲ 'ਹਵਾਵਾਂ ਦੇ ਖ਼ਿਲਾਫ਼' (1993), 'ਵਾਵਰੋਲਾ' (2003) ਤੇ 'ਜੇਬ ਵਿਚਲਾ ਬ੍ਰਹਿਮੰਡ' (2024) ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦਾ ਕਹਾਣੀ-ਸੰਗ੍ਰਹਿ ਵੰਨ-ਸੁਵੰਨੇ ਵਿਸ਼ਿਆਂ ਨਾਲ ਲਬਰੇਜ਼ ਹੈ। 'ਹਵਾਵਾਂ ਦੇ ਖ਼ਿਲਾਫ਼' ਨਾਵਲ ਭਾਰਤੀ ਰਾਜਨੀਤੀ ਦੇ ਦੰਭੀ ਅਤੇ ਫਰੇਬੀ ਚਿਹਰੇ ਨੂੰ ਪਾਠਕਾਂ ਦੇ ਸਨਮੁੱਖ ਕਰਦਾ ਹੈ। 'ਵਾਵਰੋਲਾ' ਨਾਵਲ ਖਾੜਕੂਵਾਦ ਦੇ ਭੇਸ ਵਿੱਚ ਕਾਰਜਸ਼ੀਲ ਗ਼ਲਤ ਅਨਸਰਾਂ ਜਾਂ ਲੁਟੇਰਿਆਂ ਨੂੰ ਬੇਨਕਾਬ ਕਰਦਾ ਹੈ। ਇਸ ਨਾਵਲ ਨੂੰ 2003 ਵਿੱਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ 'ਗਲਪ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਲੇਖਕ ਦੁਆਰਾ ਲਿਖਿਆ 'ਸੁਚਿਤਰਾ' ਨਾਂ ਦਾ ਨਾਵਲ ਛਪਾਈ ਅਧੀਨ ਹੈ, ਜਿਸ ਵਿੱਚ ਮੌਜੂਦਾ ਸਮੇਂ ਕੰਮਕਾਜੀ ਔਰਤਾਂ ਵਿਸ਼ੇਸ਼ ਕਰਕੇ ਕੁੜੀਆਂ ਦੇ ਸ਼ੋਸ਼ਣ ਵਰਗੇ ਸੰਵੇਦਨਸ਼ੀਲ ਵਿਸ਼ੇ ਨੂੰ ਬੜੀ ਗੰਭੀਰਤਾ ਨਾਲ ਕਲਮਬੰਦ ਕੀਤਾ ਗਿਆ ਹੈ। ਸਮੁੱਚੀਆਂ ਰਚਨਾਵਾਂ ਵਿੱਚੋਂ 'ਬਾਕੀ ਸਫ਼ਾ 5 'ਤੇ' ਬਹੁ-ਚਰਚਿਤ ਨਾਵਲ ਰਿਹਾ ਹੈ। ਇਸ ਨਾਵਲ 'ਤੇ 2023 ਵਿੱਚ ਵੈੱਬ-ਸੀਰੀਜ਼ ਬਣਾਈ ਗਈ ਅਤੇ ਇਸ ਨੂੰ ਹੁਣ 'ਸਤਲੁਜ ਵਹਿੰਦਾ ਰਿਹਾ' ਨਾਂ ਹੇਠ ਦੁਬਾਰਾ ਰਿਲੀਜ਼ ਕੀਤਾ ਗਿਆ, ਜਿਸ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਪੰਜਾਬ ਨਾਲ ਸਬੰਧਿਤ ਅਹਿਮ ਮਸਲਿਆਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਨ ਵਾਲੇ ਰੂਪ ਸਿੰਘ ਤੋਂ ਉਮੀਦ ਹੈ ਕਿ ਉਹ ਭਵਿੱਖ ਵਿੱਚ ਵੀ ਬੇਸ਼ਕੀਮਤੀ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਂਦਾ ਰਹੇਗਾ।

'ਬਾਕੀ ਸਫ਼ਾ 5 'ਤੇ' ਨਾਵਲ ਵਿਚ ਆਮ ਲੋਕਾਈ, ਪੁਲਿਸ, ਖਾੜਕੂਆਂ ਅਤੇ ਸੱਤਾਧਾਰੀ ਧਿਰ ਦੀ ਮਾਨਸਿਕਤਾ ਅਤੇ ਪੰਜਾਬ ਦੇ ਅਸੰਤੁਲਿਤ ਮਾਹੌਲ 'ਚ ਇਨ੍ਹਾਂ ਸਭਨਾਂ ਦੀ ਭੂਮਿਕਾ ਦਾ ਚਿਤਰਨ ਵੀ ਹੋਇਆ ਮਿਲਦਾ ਹੈ। ਇਸ ਨਾਵਲ ਵਿਚ ਖਾੜਕੂ ਲਹਿਰ ਵੇਲੇ ਦੇ ਹਾਲਾਤ ਨੂੰ ਏਨੀ ਸੂਖ਼ਮਤਾ ਅਤੇ ਸੰਵੇਦਨਸ਼ੀਲਤਾ ਨਾਲ ਉਲੀਕਿਆ ਗਿਆ ਹੈ ਕਿ ਪੰਜਾਬ ਦੇ ਧੁਰ ਅੰਦਰਲੇ ਜ਼ਖ਼ਮ/ਦਰਦ ਦਾ ਦ੍ਰਿਸ਼ ਸਾਕਾਰ ਹੁੰਦਾ ਦਿਖਾਈ ਦਿੰਦਾ ਹੈ।

ਸਮੁੱਚਾ ਨਾਵਲ 'ਗੁਰਮੀਤ' ਨਾਂ ਦੇ ਇਕ ਲੜਕੇ ਅਤੇ ਉਸਦੇ ਪਰਿਵਾਰ ਦੀ ਹੋਣੀ ਅਤੇ ਬਰਬਾਦੀ ਦੁਆਲੇ ਘੁੰਮਦਾ ਹੈ। ਨਾਵਲ ਨੂੰ ਵਾਚਦਿਆਂ ਇਹ ਗੱਲ ਭਲੀ-ਭਾਂਤ ਉਜਾਗਰ ਹੋ ਜਾਂਦੀ ਹੈ ਕਿ ਕਿਵੇਂ ਗੁਰਮੀਤ ਵਰਗਾ ਮਾਸੂਮ ਬਿਨਾ ਕੋਈ ਗੁਨਾਹ ਕੀਤਿਆਂ ਪੁਲਿਸ ਤੋਂ ਬਚਦਾ-ਬਚਾਉਂਦਾ, ਦਰ-ਦਰ ਦੀਆਂ ਠੋਕਰਾਂ ਖਾ ਕੇ ਅੰਤ ਮਾਰਿਆ ਜਾਂਦਾ ਹੈ। ਨਾਵਲ ਨੂੰ ਪੜਚੋਲਦਿਆਂ ਅਸੀਂ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਗੁਰਮੀਤ ਵਰਗੇ ਕਿੰਨੇ ਹੀ ਬੇਕਸੂਰ ਨੌਜਵਾਨ ਖਾੜਕੂਵਾਦ ਵੇਲੇ ਪੁਲਿਸ ਦੇ ਸ਼ੱਕ, ਤਸ਼ੱਦਦ ਅਤੇ ਉਨ੍ਹਾਂ ਦੀ ਉੱਚੇ ਅਹੁਦੇ ਪ੍ਰਾਪਤ ਕਰਨ ਦੀ ਚਾਹਤ ਦੇ ਪਿੱਛੇ ਪਈ ਦੁਰਭਾਵਨਾ ਦਾ ਸ਼ਿਕਾਰ ਹੋ ਗਏ। ਮੇਲੋ ਵਰਗੀਆਂ ਕਿੰਨੀਆਂ ਹੀ ਮਾਵਾਂ ਪੁੱਤਰਾਂ ਨੂੰ ਮੌਤ ਤੋਂ ਬਚਾਉਂਦੀਆਂ; ਉਨ੍ਹਾਂ ਦੀ ਲੰਮੀ ਉਮਰ ਲਈ ਦੁਆਵਾਂ ਕਰਦੀਆਂ, ਪਲ-ਪਲ ਮਰਦੀਆਂ ਰਹੀਆਂ। ਇਹ ਨਾਵਲ ਸਮੁੱਚੇ ਪੰਜਾਬ ਦੀਆਂ ਮਾਵਾਂ ਦੇ ਅਵਚੇਤਨੀ ਧਰਾਤਲ ਦੀ ਥਾਹ ਪਾਉਂਦਾ ਹੋਇਆ ਉਨ੍ਹਾਂ ਦੇ ਦਰਦ ਦੀ ਗਾਥਾ ਬਿਆਨ ਕਰਦਾ ਹੈ:

> *"ਤੂੰ ਬੀਬੀ ਸੁੱਤੀ ਨੀ...?"*
>
> *"ਕੁੜੀਏ...ਘਰਾਂ ਦੇ ਬੂਹਿਆਂ ਤੇ ਜਮਦੂਤ ਖੜੇ ਹੋਣ ਪੁੱਤਾਂ ਨੂੰ ਮਾਰਨ ਵਾਸਤੇ ਮਾਂਵਾਂ ਨੂੰ ਨੀਂਦ ਆਜੂਗੀ......ਪਤਾ ਨੀ ਕਦੋਂ ਮੁੱਕੇਗੀ..ਨ੍ਹੇਰੀ ਕਾਲੀ ਬੋਲੀ ਰਾਤ..ਸਾਰੇ ਪੰਜਾਬ ਨੂੰ ਕੀਲਦੀ ਪਈ ਆ ਏ ਡੈਣ..ਕਿੰਨੇ ਪੁੱਤ ਭਰਾ ਖਾ ਚੁੱਕੀ ਆ। ਇਹਦਾ ਬੱਬਰ ਭਰਨ 'ਚ ਹੀ ਨਹੀਂ ਆਉਂਦਾ।"*[2]

ਇਸ ਵਿਅੰਗਮਈ ਵਾਰਤਾਲਾਪ ਵਿਚੋਂ ਜਿੱਥੇ ਇਕ ਪਾਸੇ ਪੰਜਾਬ ਦੇ ਅਸਮਾਨ 'ਤੇ ਛਾਏ ਕਾਲੇ ਬੱਦਲਾਂ ਦੀ ਝਲਕ ਪ੍ਰਸਤੁਤ ਹੁੰਦੀ ਹੈ, ਉੱਥੇ ਨਾਲ ਹੀ ਇਕ ਮਾਂ ਦੇ ਧੁਰ ਅੰਦਰ ਪਏ ਫ਼ਿਕਰ ਅਤੇ ਭੈਅ ਵੀ ਦ੍ਰਿਸ਼ਟੀਮਾਨ ਹੋ ਜਾਂਦੇ ਹਨ। 'ਮੇਲੋ' ਪਾਤਰ ਦੇ ਜ਼ਰੀਏ ਨਾਵਲਕਾਰ ਸਮੁੱਚੇ ਨਾਵਲ ਵਿਚ ਮਮਤਾ ਦਾ ਇਕ ਵਿਸ਼ਾਲ ਅਤੇ ਦਿਲ-ਵਿੰਨ੍ਹਵਾਂ ਚਿੱਤਰ ਉਲੀਕਦਾ ਹੈ। ਅਜਿਹੇ ਸੂਖ਼ਮ ਅਤੇ ਸੰਵੇਦਨਸ਼ੀਲ ਮਸਲੇ ਸਮੇਂ-ਸਮੇਂ ਲੇਖਕਾਂ ਅਤੇ ਆਲੋਚਕਾਂ ਦੁਆਰਾ ਵਿਚਾਰੇ ਜਾਂਦੇ ਰਹੇ ਹਨ। ਪੰਜਾਬ ਦੁਖਾਂਤ ਦੇ ਇਸ ਵਰਤਾਰੇ ਬਾਰੇ ਡਾ. ਸੁਖਪਾਲ ਸਿੰਘ ਥਿੰਦ ਲਿਖਦੇ ਹਨ:

> *"ਪੰਜਾਬ ਨੇ ਅੱਠਵੇਂ ਅਤੇ ਨੌਵੇਂ ਦਹਾਕੇ ਵਿੱਚ ਦਹਿਸ਼ਤਮਈ ਸੰਤਾਪ ਦਾ ਜਿਹੜਾ ਸੱਲ੍ਹ ਝੱਲਿਆ ਹੈ ਉਸ ਦੇ ਜ਼ਖ਼ਮ ਬੜੇ ਅੱਲੇ ਹਨ। ਇਸ ਸਮੇਂ ਦੌਰਾਨ ਪੰਜਾਬ ਦੇ ਲੋਕਾਂ ਨੇ ਜਿਹੜੀ ਦਹਿਸ਼ਤ ਹੰਢਾਈ ਹੈ ਉਸ ਤੋਂ ਉਭਰਨ ਲਈ ਜਾਪਦਾ ਹੈ ਕਿ ਅਜੇ ਲੰਮਾ ਸਮਾਂ ਲੱਗੇਗਾ.. ਪੰਜਾਬ ਦੀ ਜਵਾਨੀ ਦਾ ਜਿਸ ਕਿਸਮ ਦਾ ਘਾਣ ਪੰਜਾਬ ਸੰਕਟ ਦੌਰਾਨ ਹੋਇਆ ਉਸ ਨੇ ਦਹਿਸ਼ਤ ਨੂੰ ਪੰਜਾਬੀ ਬੰਦੇ ਦੇ ਮਨ ਅੰਦਰ ਬਿਠਾ ਦਿੱਤਾ।"*[3]

'ਬਾਕੀ ਸਫ਼ਾ 5 'ਤੇ' ਨਾਵਲ ਖਾੜਕੂ ਲਹਿਰ ਦੇ ਉਭਾਰ ਦੀ ਪੇਸ਼ਕਾਰੀ ਕਰਨ ਦੇ ਨਾਲ-ਨਾਲ ਖਾੜਕੂਵਾਦ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਸੋਚਣ ਲਈ ਪਾਠਕ ਨੂੰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਨਾਵਲ ਨੂੰ ਅਧਿਐਨ ਪ੍ਰਕਿਰਿਆ ਵਿੱਚ ਲੈਂਦਿਆਂ ਪਾਠਕ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਕੋਈ ਵੀ ਬਗਾਵਤ ਉਤਪੰਨ ਕਿਵੇਂ ਹੁੰਦੀ ਹੈ ਅਤੇ ਸਧਾਰਨ ਜ਼ਿੰਦਗੀ ਬਤੀਤ ਕਰਦਾ-ਕਰਦਾ ਕੋਈ ਵਿਅਕਤੀ ਕਿਵੇਂ ਬਾਗੀ ਸੁਰ ਅਖ਼ਤਿਆਰ ਕਰਨ ਕਰਕੇ ਸੱਤਾ ਦੀਆਂ ਅੱਖਾਂ ਵਿੱਚ ਰੜਕਣ ਲੱਗ ਜਾਂਦਾ ਹੈ। ਇਸ ਨਾਵਲ 'ਚ ਨਾਵਲਕਾਰ ਅਸਿੱਧੇ ਰੂਪ 'ਚ ਇਸ਼ਾਰਾ ਕਰਦਾ ਹੈ:

> *"ਹਾਲਾਤ ਕਿਹੋ ਜਿਹੇ ਹੋ ਗਏ ਸਨ.. ਕਿਸੇ ਦੀ ਮਾਸੂਮੀਅਤ ਕਦੋਂ ਖ਼ੂੰਖਾਰ ਬਣ ਜਾਵੇਗੀ, ਇਹ ਸੋਚਿਆ ਵੀ ਨਹੀਂ ਜਾ ਸਕਦਾ ਸੀ..।"*[4]

ਸਤ੍ਹਹੀ ਪੱਧਰ ਦੀ ਦ੍ਰਿਸ਼ਟੀ ਨਾਲ ਕਿਸੇ ਵਰਤਾਰੇ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਸੰਭਵ ਨਹੀਂ, ਕਈ ਵਾਰ ਓਹਲੇ ਦੇ ਸੱਚ ਨੂੰ ਜਾਣਨ ਲਈ ਪਾਰਖੂ ਤੇ ਸੂਖ਼ਮ ਨਜ਼ਰੀਆ ਹੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਖਾੜਕੂਵਾਦ ਜਾਂ ਹੋਰਨਾਂ

ਲਹਿਰਾਂ ਦੇ ਮੂਲ/ਬੁਨਿਆਦੀ ਕਾਰਨ ਕਿਤੇ ਹੋਰ ਪਏ ਹੁੰਦੇ ਹਨ। ਵੱਡਾ ਦੁਖਾਂਤ ਇਹ ਹੈ ਕਿ ਅਜਿਹੀਆਂ ਲਹਿਰਾਂ/ਦੌਰਾਂ ਨੂੰ ਉਪਜਾਉਣ ਵਾਲੇ, ਇਨ੍ਹਾਂ ਪ੍ਰਸਥਿਤੀਆਂ ਲਈ ਜ਼ਮੀਨ ਤਿਆਰ ਕਰਨ ਵਾਲੇ; ਆਮ ਲੁਕਾਈ ਦੇ ਘਾਣ ਲਈ ਜ਼ਿੰਮੇਵਾਰ ਸੱਤਾਧਾਰੀਆਂ ਨੂੰ ਕੋਈ ਸੇਕ ਤੱਕ ਨਹੀਂ ਲਗਦਾ। ਅਜਿਹੀਆਂ ਪਰਤਾਂ ਉਧੇੜਦਾ ਨਾਵਲਕਾਰ ਸਾਨੂੰ ਡੂੰਘਾਈ ਵਿਚ ਜਾ ਕੇ ਸੋਚਣ ਲਈ ਪ੍ਰੇਰਦਾ ਅਤੇ ਸਮੁੱਚੇ ਮਾਹੌਲ ਨੂੰ ਸਮਝਣ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਖਾੜਕੂਵਾਦ ਦੇ ਸਰਗਰਮ ਮੈਂਬਰਾਂ ਅਤੇ ਪੁਲਿਸ ਦਾ ਘਾਣ ਇਸ ਨਾਵਲ ਵਿਚ ਦਿਖਾਈ ਦਿੰਦਾ ਹੈ। ਇਹ ਬਰਬਾਦੀ ਕਿਸੇ ਇਕ ਧਿਰ ਦੀ ਨਹੀਂ ਬਲਕਿ ਇਸ ਵਿਚੋਂ ਸਮੁੱਚੀ ਮਨੁੱਖਤਾ ਦਾ ਉਜਾੜਾ ਨਜ਼ਰ ਆਉਂਦਾ ਹੈ। ਇਸ ਨਾਵਲ ਨੂੰ ਗਹੁ ਨਾਲ ਵਾਚਦਿਆਂ ਸਥਾਪਤੀ ਦੀਆਂ ਚਾਲਾਂ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਉਹਨਾਂ ਨੇ ਚਿੰਗਾਰੀਆਂ ਸੁੱਟੀਆਂ, ਜਿਸ ਦੀ ਅੱਗ ਵਿਚ ਇਨਸਾਨੀਅਤ ਸੜ-ਭੁੱਜ ਗਈ ਅਤੇ ਆਮ ਲੋਕਾਂ, ਸੱਤਾ, ਪੁਲਿਸ ਅਤੇ ਖਾੜਕੂਆਂ ਦੇ ਦਿਲਾਂ ਵਿਚ ਇਕ-ਦੂਜੇ ਲਈ ਨਫ਼ਰਤ ਅਤੇ ਹਿੰਸਾਮਈ ਵਿਚਾਰ ਪੈਦਾ ਹੋ ਗਏ। ਹੱਥਲੇ ਨਾਵਲ ਵਿਚੋਂ ਸਾਨੂੰ ਸਮਝ ਆਉਂਦੀ ਹੈ ਕਿ ਕੁਰਸੀਆਂ ਦੇ ਲੋਭੀ ਹਰ ਹੀਲੇ ਆਪਣਾ ਉੱਲੂ ਸਿੱਧਾ ਕਰ ਜਾਂਦੇ ਹਨ, ਭਾਵੇਂ ਉਹਨਾਂ ਨੂੰ ਕੋਈ ਵੀ ਹੱਥਕੰਡਾ ਕਿਉਂ ਨਾ ਅਪਣਾਉਣਾ ਪਵੇ। ਉਹਨਾਂ ਦੇ ਘਿਨੌਣੇ ਚਿਹਰਿਆਂ ਅਤੇ ਕੂਟਨੀਤਕ ਚਾਲਾਂ ਦੀ ਕੰਨਸੋਅ ਇਸ ਰਚਨਾ ਵਿੱਚੋਂ ਬਾਖ਼ੂਬੀ ਮਿਲ ਜਾਂਦੀ ਹੈ:

*"ਵੱਡੇ ਨੇਤਾ ਸਾਰੇ ਪੰਜਾਬ ਦੇ ਹਾਲਾਤ ਖਰਾਬ ਕਰਕੇ ਆਪ ਤਾਂ ਜੇਲ੍ਹਾਂ 'ਚ ਬਹਿ ਗਏ..।"*

*"ਜੇਲ੍ਹਾਂ 'ਚ?"*

*"ਹੋਰ ਕੀ ਤੈਨੂੰ ਪਤਾ ਈ ਨਹੀਂ ਆ ਕਿ ਬਾਹਰ ਰਹਿੰਦੇ ਤਾਂ ਲੋਕ ਕੁੱਟ ਕੁਟ ਕੇ ਮਾਰ ਦਿੰਦੇ ਆ.. ਆਪਣੇ ਆਪ ਨੂੰ ਬਚਾਉਣ ਵਾਸਤੇ ਵੱਡੀ ਸਰਕਾਰ ਅੱਗੇ ਲੇਲ੍ਹੜੀਆਂ ਕੱਢ ਕੇ ਜੇਲ੍ਹਾਂ 'ਚ ਜਾ ਲੁਕੇ... ਜਦੋਂ ਹਾਲਾਤ ਠੀਕ ਹੋਣਗੇ ਬਾਹਰ ਆ ਕੇ ਫਿਰ ਗੱਦੀਆਂ 'ਤੇ ਬੈਠ ਜਾਣਗੇ... ਕਮਲੇ ਲੋਕ ਸੋਚਣਗੇ ਸਾਡੇ ਵਾਸਤੇ ਜੇਲ੍ਹਾਂ ਕੱਟ ਕੇ ਆਏ ਆ...।"* [5]

ਸੱਤਾਧਾਰੀ ਲੋਕਾਂ ਲਈ ਅਜਿਹੀਆਂ ਭਿਆਨਕ ਸਥਿਤੀਆਂ 'ਚਿੜੀਆਂ ਦੀ ਮੌਤ ਤੇ ਗਵਾਰਾਂ ਦਾ ਹਾਸਾ' ਦੀ ਤਰਜਮਾਨੀ ਵਾਲੀਆਂ ਹੀ ਹੁੰਦੀਆਂ ਹਨ। ਦਿਲ ਦਹਿਲਾ ਦੇਣ ਵਾਲਾ ਸੱਚ ਤਾਂ ਇਹ ਹੈ ਕਿ ਉਸ ਦੌਰ ਵਿਚ ਇਨਸਾਨੀਅਤ ਦੀ ਥਾਂ ਹੈਵਾਨੀਅਤ ਨੇ ਲੈ ਲਈ ਸੀ। ਤੱਤੀਆਂ ਹਵਾਵਾਂ ਦੇ ਇਹ ਬੁੱਲੇ ਮਾਵਾਂ ਦੇ ਪੁੱਤਰਾਂ, ਭੈਣਾਂ ਦੇ ਭਰਾਵਾਂ ਲਈ ਬੜੇ ਘਾਤਕ ਸਿੱਧ ਹੋਏ। ਦੋਵੇਂ ਧਿਰਾਂ ਦੇ ਹਿੰਸਕ ਮੁਕਾਬਲਿਆਂ ਦੇ ਸਿੱਟੇ ਵਜੋਂ 'ਸਾਨ੍ਹਾਂ ਦੇ ਭੇੜ ਵਿਚ ਬੂਟਿਆਂ ਦਾ ਨਾਸ' ਵਰਗੀ ਸਥਿਤੀ ਪੈਦਾ ਹੋ ਗਈ। ਪੰਜਾਬ ਦੇ ਹੱਸਦੇ-ਵਸਦੇ ਵਿਹੜਿਆਂ ਵਿਚ ਸੱਥਰ ਵਿਛ ਗਏ। ਇਸ ਦੌਰ ਵਿੱਚ ਤਬਾਹੀ, ਮੌਤ ਅਤੇ ਮਾਤਮ ਦੇ ਮੰਜਰ ਚਿਤਰਣ ਲਈ ਵੱਖ-ਵੱਖ ਵਿਧਾਵਾਂ ਦੇ ਲੇਖਕਾਂ ਨੇ ਕਲਮ-ਅਜ਼ਮਾਈ ਕੀਤੀ। ਅਜਿਹੇ ਮਾਰਮਿਕ ਦ੍ਰਿਸ਼ਾਂ ਨੂੰ ਦਰਸਾਉਣ ਵਾਲੀਆਂ ਕਾਵਿ-ਪੰਕਤੀਆਂ ਤੋਂ ਉਸ ਸਮੇਂ ਦੀਆਂ ਸਥਿਤੀਆਂ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ:

*"ਹਰ ਰੋਜ਼ ਅਖ਼ਬਾਰ ਦੀਆਂ ਸੁਰਖੀਆਂ, ਮਨ ਦੇ ਕੂਲੇ ਚੇਤਿਆਂ 'ਚ ਜਦੋਂ ਖੁੱਭ ਜਾਣ ਛਿਲਤਰ ਬਣਕੇ,,ਤੇ ਖੌਫ਼ ਬਿਸਤਰ ਦੁਆਲੇ ਪੇਲਦਾ ਹੈ, ਕਿਸੇ ਸੁਰਮਈ ਸ਼ਾਮ ਨੂੰ,, ਜਦੋਂ ਗੁਆਚਣ ਲੱਗਦਾ ਹੈ ਕੋਈ, ਤੇ ਮੌਤ ਹਰਲ ਹਰਲ ਕਰ ਜਾਂਦੀ ਹੈ,, ਚੰਦਰੀ ਡੈਣ ਵਾਂਗੂੰ ਭਰੇ ਬਾਜ਼ਾਰ ਵਿਚ।"* [6]

ਅਹੁਦਿਆਂ ਦੇ ਲਾਲਚ ਜਾਂ ਸੱਤਾ ਦੀ ਭੁੱਖ ਨੇ ਝੂਠੇ/ਫਰਜ਼ੀ ਮੁਕਾਬਲਿਆਂ ਵਿਚ ਮਾਵਾਂ ਦੇ ਵਿਹੜੇ ਸੁੰਨੇ ਕਰ ਦਿੱਤੇ ਅਤੇ ਹਜ਼ਾਰਾਂ ਭੈਣਾਂ ਦੀਆਂ ਰੀਝਾਂ ਵੀ ਇਸਦੀ ਭੇਂਟ ਚੜ੍ਹ ਗਈਆਂ। ਮਾਵਾਂ ਦੀ ਝੋਲੀ ਨਿਰਦੋਸ਼ ਪੁੱਤਾਂ ਦੀਆਂ ਲਾਸ਼ਾਂ ਪਈਆਂ ਅਤੇ ਕਈ ਮਾਵਾਂ ਨੂੰ ਤਾਂ ਆਪਣੇ ਪੁੱਤਰਾਂ ਦੇ ਚਿਹਰੇ ਦੇਖਣੇ ਵੀ ਨਸੀਬ ਨਹੀਂ ਹੋਏ। ਨੌਜਵਾਨੀ ਦੇ ਘਾਣ ਦੀ ਝਲਕ ਇਸ ਨਾਵਲ ਵਿਚ ਬਾਖ਼ੂਬੀ ਪ੍ਰਸਤੁਤ ਹੋਈ ਮਿਲਦੀ ਹੈ:

*"ਚਾਚੀ ਵਾਹਲੇ ਮਾੜੇ ਦਿਨ ਆ ਗਏ...ਘਰੋਂ ਨਿਕਲਣ ਨੂੰ ਜੀਅ ਨਹੀਂ ਕਰਦਾ, ਖੇਤ ਆਉਂਦਿਆਂ ਵੀ ਡਰ ਲੱਗਦਾ...ਕਹਿੰਦੇ ਵਈ ਫੌਜ ਨੂੰ ਹੁਕਮ ਦਿੱਤਾ ਸਰਕਾਰ ਨੇ, ਪੰਜਾਬ 'ਚੋਂ ਆਤੰਕਵਾਦ ਖਤਮ ਕਰੋ...ਭਾਵੇਂ ਜਿੰਨੇ ਮੁੰਡੇ ਮਰਜ਼ੀ ਮਾਰਨੇ ਪੈਣ....।"* [7]

ਚੁਰਾਸੀ ਵਾਪਰਨ ਸਮੇਂ ਜਾਂ ਉਸ ਉਪਰੰਤ ਸਥਾਪਤੀ ਅਤੇ ਪੁਲਿਸ ਦੀ ਭੂਮਿਕਾ ਕਿਸੇ ਤੋਂ ਲੁਕੀ ਨਹੀਂ ਹੋਈ। ਪੁਲਿਸ ਦੇ ਜ਼ਾਲਮਾਨਾ ਚਿਹਰੇ ਅਤੇ ਸਿੱਖ ਨੌਜਵਾਨਾਂ 'ਤੇ ਕੀਤੇ ਅੰਨ੍ਹੇ ਤਸ਼ੱਦਦ ਬਾਰੇ ਵੱਖ-ਵੱਖ ਰਚਨਾਵਾਂ ਵਿੱਚੋਂ ਟੋਹਾਂ ਮਿਲ ਜਾਂਦੀਆਂ ਹਨ। ਡਾ. ਮਿਹਰ ਸਿੰਘ ਗਿੱਲ ਇਸ ਵਰਤਾਰੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ:

*"ਬਲਿਊ ਸਟਾਰ ਉਪਰੇਸ਼ਨ ਉਸ ਵੇਲੇ ਦੀ ਕੇਂਦਰੀ ਸਰਕਾਰ ਦਾ ਇੱਕ ਪਾਸਾ ਸੀ। ਇਸ ਦਾ ਦੂਜਾ ਪਹਿਲੂ ਸੀ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਿੱਖ ਨੌਜੁਆਨਾਂ ਦੀ 'ਸਕਰੀਨਿੰਗ' ਕਰਨਾ.....ਇਸ ਅਧੀਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਿੱਖ ਨੌਜੁਆਨ ਖ਼ਾਸ ਕਰਕੇ ਜੋ ਅੰਮ੍ਰਿਤਧਾਰੀ ਸਨ, ਦੀ ਛਾਣਬੀਣ ਕਰਨ ਦੀ ਆੜ ਵਿੱਚ ਕਈਆਂ ਨੂੰ ਪੁਲਿਸ ਹਿਰਾਸਤ ਵਿੱਚ ਲਿਆ ਗਿਆ ਅਤੇ ਤਸ਼ੱਦਦ ਕੀਤਾ ਗਿਆ।"* [8]

ਕਿਸੇ ਲਹਿਰ ਨੂੰ ਕੁਚਲਣ ਜਾਂ ਦੁਫਾੜ ਕਰਨ ਲਈ ਸਿਆਸਤ ਕੂਟਨੀਤਕ ਚਾਲਾਂ ਦਾ ਸਹਾਰਾ ਲੈਂਦਿਆਂ ਭਾਈਆਂ-ਭਾਈਆਂ ਨੂੰ ਇੱਕ-ਦੂਜੇ ਵਿਰੁੱਧ ਹਿੰਸਕ ਸਾਧਨ ਅਪਣਾਉਣ ਲਈ ਮਜ਼ਬੂਰ ਕਰ ਸਕਦੀ ਹੈ। ਆਪਣੇ ਮਕਸਦ ਦੀ ਪੂਰਤੀ ਲਈ ਸੱਤਾ ਕੋਲ 'ਤਾਕਤ' ਨਾਂ ਦਾ ਪ੍ਰਮੁੱਖ ਹਥਿਆਰ ਹੈ। ਅਹੁਦਿਆਂ ਅਤੇ ਤਰੱਕੀਆਂ ਦਾ ਲਾਲਚ ਇਨਸਾਨ ਨੂੰ ਪਲਾਂ ਵਿਚ ਕਿਵੇਂ ਸ਼ੈਤਾਨ ਬਣਾ ਸਕਦਾ ਹੈ, ਇਹ ਗੱਲ ਅਸੀਂ ਇਸ ਨਾਵਲ ਵਿੱਚੋਂ ਸਮਝ ਸਕਦੇ ਹਾਂ। ਇਸੇ ਕਰਕੇ ਅਹੁਦੇ ਦੇ ਲਾਲਚ ਵਿੱਚ ਅੰਨ੍ਹਾ ਹੋਇਆ ਸਰਪੰਚ ਗੁਰਮੀਤ ਦੀ ਮੁਖ਼ਬਰੀ ਕਰਕੇ ਪੁਲਿਸ ਦਾ ਸਾਥ ਦਿੰਦਾ ਹੈ। ਇੱਥੇ ਇਨਸਾਨੀਅਤ ਲਾਲਚਾਂ ਅੱਗੇ ਦਮ ਤੋੜਦੀ ਦਿਖਾਈ ਦਿੰਦੀ ਹੈ। ਸਰਪੰਚ ਦੀ ਬਦਨੀਤੀ ਤੋਂ ਸਾਨੂੰ ਇਤਿਹਾਸ ਦੇ ਉਹਨਾਂ ਕਾਲੇ ਵਰਕਿਆਂ ਦੇ ਦਰਸ਼ਨ ਹੁੰਦੇ ਹਨ, ਜਿਸ ਵਿੱਚ ਸੱਤਾਧਾਰੀ ਜਾਂ ਸੱਤਾ ਦੀ ਚਾਹਤ ਰੱਖਣ ਵਾਲੇ ਲੋਕ ਮਾਸੂਮ/ਬੇਦੋਸ਼ਿਆਂ ਦੀਆਂ ਲਾਸ਼ਾਂ 'ਤੇ ਤਖ਼ਤ ਉਸਾਰਦੇ ਰਹੇ ਹਨ:

*"ਹਾਂ ਮੈਂ ਪਹਿਲਾ ਸ਼ਖ਼ਸ ਨਹੀਂ...ਮੈਂ ਤਾਂ ਇਕ ਮਰਵਾਉਣਾ ਚਾਹੁਨਾ ਏ..1947 ਸਾਡੇ ਪੂਰਵਜ ਨੇਤਾਵਾਂ..ਗੱਡੀਆਂ ਦੀਆਂ ਗੱਡੀਆਂ ਲਾਸ਼ਾਂ ਨਾਲ ਭਰਵਾ ਕੇ ਸੁਟਵਾਈਆਂ..ਗਲੀਆਂ 'ਚ ਕਤਲ ਹੋ ਰਹੇ ਸੀ..ਸਾਡੇ ਵੱਡੇ ਲੀਡਰ ਲਾਲ ਕਿਲ੍ਹੇ 'ਤੇ ਆਜ਼ਾਦੀ ਦਾ ਝੰਡਾ ਚੜ੍ਹਾ ਰਹੇ ਸੀ..ਸੱਤਾ ਦੀ ਕੁਰਸੀ 'ਤੇ ਜਾ ਬੈਠੇ ਸੀ।.."* [9]

ਇਹ ਸੱਚ ਹੈ ਕਿ ਲਾਲਚਾਂ ਦੇ ਸਾਹਮਣੇ ਫ਼ਰਜ਼ ਤੁੱਛ ਅਤੇ ਫਿੱਕੇ ਪੈ ਜਾਂਦੇ ਹਨ।

ਆਪਣੇ ਭਵਿੱਖ ਵਿਚਲੀ ਚੜ੍ਹਤ ਦਾ ਸੁਪਨਾ ਕਿਸੇ ਦੂਜੇ ਨਿਰਦੋਸ਼ ਦਾ ਭਵਿੱਖ ਰੋਲਣ ਲਈ ਉਕਸਾ ਸਕਦਾ ਹੈ। ਅਜਿਹੇ ਮਾਹੌਲ ਵਿਚ ਇਨਸਾਨੀ ਜਾਨਾਂ ਦੀ ਕੋਈ ਕੀਮਤ ਨਹੀਂ ਰਹਿੰਦੀ। ਬਿਲਕੁਲ ਅਜਿਹੀ ਭੂਮਿਕਾ ਖਾੜਕੂਵਾਦ ਵੇਲੇ ਪੁਲਿਸ ਨੇ ਨਿਭਾਈ। ਸਿਸਟਮ/ਪ੍ਰਸ਼ਾਸਨ ਵਿਚਲੀ ਇਸ ਗਿਰਾਵਟ ਨੂੰ ਨਾਵਲਕਾਰ ਬੜੀ ਬਾਰੀਕਬੀਨੀ ਨਾਲ ਚਿਤਰਦਾ ਹੈ:

> *"ਦੇਖ ਤੂੰ ਸੋਚੇਂਗੀ.. ਵਈ ਮੇਰੇ 'ਚ ਇਨਸਾਨੀਅਤ ਨਹੀਂ ਰਹੀ.. ਤੇਰਾ ਮਨ ਦੁਖੀ ਹੋ ਗਿਆ ਐ, ਤੂੰ ਸਾਰਾ ਸਾਮਾਨ ਤੇ ਪੈਸੇ ਰੱਖ ਲੈ.. ਬੀਬੀ ਜਿਹੜੇ ਕੰਜਰ ਉੱਪਰ ਬੈਠੇ ਵੱਡੇ ਆਫੀਸਰ ਉਹਨਾਂ ਨੂੰ ਕਿਸੇ 'ਤੇ ਰਹਿਮ ਕਰਮ ਨੀ ਆਉਂਦਾ...ਅਸੀਂ ਤਾਂ ਭੈਣੇ ਕੱਠੇ ਕਰਕੇ ਉਹਨਾਂ ਦੇ ਬੱਬਰਾਂ 'ਚ ਪਾ ਦਿੰਨੇ ਆ...।"*[10]

ਇਕ ਬਜ਼ੁਰਗ ਔਰਤ ਦੇ ਬੋਲ ਪੁਲਿਸ ਦੇ ਕਰੂਰ ਚਿਹਰੇ ਤੋਂ ਨਕਾਬ ਉਤਾਰਦੇ ਹਨ:

> *"ਮੇਲੋ...ਤੂੰ ਤਾਂ ਸਿਆਣੀ ਆਂ...ਸਰਪੰਚ ਨਾਲ ਗੱਲ ਕਰਕੇ ਥਾਣੇਦਾਰ ਦਾ ਮੱਥਾ ਡੰਮ ਦੇ ਚਾਰ ਛਿੱਲੜ...ਮਾਰ ਉਹਦੇ ਮੂੰਹ 'ਤੇ...ਪੁਲਸੀਆਂ ਨੂੰ ਮਸਾਂ ਥਿਆਏ ਇਹ ਦਿਨ...ਘਰ ਭਰਨ ਦੇ...?"*[11]

ਇਸ ਨਾਵਲ ਦੀ ਖ਼ਾਸੀਅਤ/ਵਿਲੱਖਣਤਾ ਇਸ ਗੱਲ ਵਿਚ ਹੈ ਕਿ ਲੇਖਕ ਕਿਸੇ ਇਕ ਧਿਰ ਪ੍ਰਤੀ ਉਲਾਰ ਦਿਖਾਈ ਨਹੀਂ ਦਿੰਦਾ। ਉਹ ਸਿਰਫ਼ ਤੇ ਸਿਰਫ਼ ਇਨਸਾਨੀਅਤ ਦੀ ਬਾਤ ਪਾਉਂਦਾ ਨਜ਼ਰ ਆਉਂਦਾ ਹੈ। ਉਸਨੂੰ ਖਾੜਕੂਆਂ ਅਤੇ ਪੁਲਿਸ ਦੀ ਮਾਰ-ਮਰਾਈ ਵਿਚੋਂ ਮਨੁੱਖਤਾ ਦਾ ਘਾਣ ਅਤੇ ਸਿਆਸਤਦਾਨਾਂ ਦੀਆਂ ਕੋਝੀਆਂ ਨੀਤੀਆਂ ਨਜ਼ਰ ਆਉਂਦੀਆਂ ਹਨ। ਪੁਲਿਸ ਵਧੀਕੀਆਂ ਨੂੰ ਵੀ ਨਾਵਲਕਾਰ ਕਰੜੇ ਹੱਥੀਂ ਲੈਂਦਾ ਹੈ। ਮਾਹੌਲ ਦੇ ਸਾਵੇਂਪਨ ਦੀ ਆੜ ਵਿਚ ਉਹ ਖਾੜਕੂਆਂ ਦੇ ਨਾਂ 'ਤੇ ਬੇਦੋਸ਼ੇ ਗੱਭਰੂਆਂ ਨੂੰ ਫੜ-ਫੜ ਕੇ ਖਪਾ ਰਹੇ ਸਨ ਅਤੇ ਖਾੜਕੂ ਲਹਿਰ ਦੇ ਖਾਤਮੇ ਲਈ ਹਿੰਸਕ ਸਾਧਨ ਵਰਤ ਰਹੇ ਸਨ। ਕਾਮਰੇਡਾਂ ਦੇ ਜ਼ਿਕਰ ਦੁਆਰਾ ਵੀ ਉਹ ਧੱਕੇ ਖਿਲਾਫ਼ ਹੋਕਾ ਦਿੰਦਾ, ਆਮ ਲੋਕਾਂ ਦੇ ਫ਼ਿਕਰ ਵਿਚ ਡੁੱਬਿਆ ਦਿਸਦਾ ਹੈ। ਇਕ ਕਾਮਰੇਡ ਦੇ ਬੋਲ ਗੌਲਣਯੋਗ ਹਨ, ਜਿਨ੍ਹਾਂ ਦੇ ਜ਼ਰੀਏ ਲੇਖਕ ਪੰਜਾਬ ਪ੍ਰਤੀ ਆਪਣੀ ਚਿੰਤਾ ਜ਼ਾਹਰ ਕਰਦਾ ਹੈ:

> *"ਸਾਥੀਓ ਬਹੁਤ ਸਹਿ ਲਿਆ ਆਪਾਂ ਪੰਜਾਬ ਦੇ ਲੋਕਾਂ ਹੁਣ! ਮੌਕਾ ਆ ਗਿਆ ਜਾਗਣ ਦਾ ਤੇ ਆਪਣਾ ਫਰਜ਼ ਪਛਾਨਣ ਦਾ। ਕਿਤੇ ਵੀ ਕੋਈ ਚਾਹੇ ਖਾੜਕੂ ਹੋਵੇ ਪੁਲਿਸ ਨਿਰਦੋਸ਼ਾਂ ਨੂੰ ਤੰਗ ਕਰੇ ਆਪਾਂ ਉਥੇ ਹਿੱਕ ਡਾਹੁਣੀ ਹੈ ਤੇ ਨਿਆਂ ਵਾਸਤੇ ਡੱਟਣਾ ਹੋਊ...।"*[12]

ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਭਾਵ ਰਖਵਾਲੇ ਹੀ ਮਾਰ-ਮਰਾਈ 'ਤੇ ਉੱਤਰ ਆਉਣ ਤਾਂ ਸੰਵੇਦਨਸ਼ੀਲ ਲੇਖਕ ਦੁਆਰਾ ਪੰਜਾਬ ਦੇ ਭਵਿੱਖ ਦੀ ਫ਼ਿਕਰ ਕਰਨਾ ਉਚਿਤ ਜਾਪਦਾ ਹੈ। ਅਜਿਹੀ ਸੁਹਿਰਦਤਾ ਅਤੇ ਸੰਵੇਦਨਸ਼ੀਲਤਾ ਕਰਕੇ ਹੀ ਉਹ ਗੁਰਮੀਤ ਦੇ ਮੂੰਹੋਂ ਅਖਵਾਉਂਦਾ ਹੈ:

> *"ਇਹ ਜੂੰਆਂ ਤਾਂ ਬੀਬੀ ਮਾਰ ਦੇਂਗੀ.. ਪੰਜਾਬ ਦੇ ਸਿਰ ਪਈਆਂ ਜੂੰਆਂ ਨੂੰ ਕੌਣ ਮਾਰੂ...?"*[13]

ਨਾਵਲ ਨੂੰ ਘੋਖਦਿਆਂ ਪਤਾ ਚੱਲਦਾ ਹੈ ਕਿ ਲੇਖਕ ਨੇ ਵਿਸ਼ਿਆਂ ਨੂੰ ਵਿਲੱਖਣ ਢੰਗ ਨਾਲ ਪੇਸ਼ ਕਰਨ ਅਤੇ ਆਪਣੇ ਸੁਨੇਹੇ ਨੂੰ ਪਾਠਕਾਂ ਦੇ ਮਨਾਂ 'ਚ ਧੁਰ ਅੰਦਰ ਤੱਕ ਉਤਾਰਣ ਲਈ ਕਈ ਕਾਰਗਰ ਜੁਗਤਾਂ ਦਾ ਸਹਾਰਾ ਲਿਆ ਹੈ। ਨਾਵਲ ਨੂੰ ਕਾਂਡਾਂ ਜਾਂ ਭਾਗਾਂ ਵਿਚ ਨਹੀਂ ਵੰਡਿਆ ਬਲਕਿ ਇਹ ਬੇਰੋਕ ਪ੍ਰਵਾਹ ਵਿਚ ਚੱਲਦਾ ਹੋਇਆ ਆਪਣਾ ਬੱਝਵਾਂ ਪ੍ਰਭਾਵ ਪਾਉਂਦਾ ਹੈ। ਇਕ ਹੱਸਦੇ-ਵਸਦੇ ਪਰਿਵਾਰ ਦੀ ਬਰਬਾਦੀ ਦੀ ਤਸਵੀਰਕਸ਼ੀ ਦੇ ਜ਼ਰੀਏ ਲੇਖਕ ਨੇ ਖਾੜਕੂਵਾਦ ਵੇਲੇ ਦੀ ਘਰ-ਘਰ ਦੀ ਕਹਾਣੀ ਸੁਣਾਈ ਹੈ। ਇੱਕੋ ਪਰਿਵਾਰ ਨੂੰ ਕੇਂਦਰ 'ਚ ਰੱਖ ਕੇ ਅਨੇਕਾਂ ਵਿਚਾਰਨਯੋਗ ਪਾਸਾਰਾਂ ਦੀ ਪੇਸ਼ਕਾਰੀ ਕਰਨਾ ਨਾਵਲਕਾਰ ਦੀ ਕਲਾਤਮਿਕ ਯੋਗਤਾ ਦੀ ਹਾਮੀ ਭਰਦਾ ਹੈ।

'ਬਾਕੀ ਸਫ਼ਾ 5 'ਤੇ' ਨਾਵਲ ਦੀ ਪ੍ਰਮੁੱਖ ਵਿਸ਼ੇਸ਼ਤਾ ਇਸਦੀ ਭਾਸ਼ਾ ਵਿੱਚ ਵੀ ਹੈ। ਲੇਖਕ ਨੇ ਮਲਵਈ ਉਪ-ਬੋਲੀ ਦੇ ਪੇਂਡੂ ਸ਼ਬਦ-ਰੂਪੀ ਮੋਤੀ ਪਰੋ ਕੇ ਇਕ ਅਜਿਹੀ ਮਾਲਾ ਤਿਆਰ ਕੀਤੀ ਹੈ, ਜਿਸਦੇ ਹਰ ਮੋਤੀ ਵਿਚੋਂ ਖਾੜਕੂ ਲਹਿਰ ਸੰਬੰਧੀ ਇਕ ਨਵੀਂ ਪਰਤ ਉੱਧੜਦੀ ਦਿਖਾਈ ਦਿੰਦੀ ਹੈ। ਇਸ ਪ੍ਰਕਾਰ ਸਰਲ ਵਾਕਾਂ ਅਤੇ ਸਾਧਾਰਨ ਭਾਸ਼ਾ ਦੇ ਜ਼ਰੀਏ ਨਾਵਲਕਾਰ ਆਪਣਾ ਸੁਨੇਹਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦੇ ਜਾਂਦਾ ਹੈ। ਬਿਨਾਂ ਗੁੰਝਲਦਾਰ ਬੋਲੀ/ਸ਼ਬਦਾਵਲੀ ਵਰਤਿਆਂ ਉਹ ਸਥਿਤੀਆਂ ਦੇ ਪਿਛਲਾ ਸੱਚ ਪੇਸ਼ ਕਰਨ ਵਿਚ ਸਫ਼ਲ ਹੋਇਆ ਹੈ। ਆਪਣੀ ਇਸੇ ਯੋਗਤਾ ਸਦਕਾ ਹੀ ਲੇਖਕ ਨੇ ਮਾਹੌਲ ਠੀਕ ਕਰਨ ਦੀ ਆੜ ਪਿੱਛੇ ਕਾਰਜਸ਼ੀਲ ਸਿਆਸੀ ਬਦਨੀਤੀਆਂ ਅਤੇ ਰਾਜਨੇਤਾਵਾਂ ਦੇ ਮੁਖੌਟਾਧਾਰੀ ਚਿਹਰੇ ਸਾਡੇ ਸਨਮੁੱਖ ਕੀਤੇ ਹਨ:

> *"ਲੈ ਪੜ੍ਹ ਲੈ", ਅਖਬਾਰ ਦੀ ਸੁਰਖੀ ਦਿਖਾਉਂਦਿਆਂ ਕਿਹਾ, "ਰਾਜ ਦੀ ਹਾਲਤ, ਹੁਣ ਕਾਬੂ 'ਚ, ਵਿਰੋਧੀ ਧਿਰ ਦੇ ਨਜ਼ਰਬੰਦ ਲੀਡਰ ਜਲਦੀ ਰਿਹਾ ਹੋਣਗੇ, ਰਾਜ 'ਚ ਚੋਣਾਂ ਦੀ ਪ੍ਰਤੀਕਿਰਿਆ ਬਾਰੇ ਵਿਚਾਰ।.....ਸਾਰਾ ਪੰਜਾਬ ਵਲੂੰਧਰਤਾ, ਮੁੰਡਾ ਕੋਈ ਛੱਡਿਆ ਨੀ, ਹੁਣ ਬਘਿਆੜਾਂ ਨੂੰ ਰਿਹਾ ਕਰ ਦਿਓ, ਤਾਂ ਜੋ ਆ ਕੇ ਗੱਦੀਆਂ 'ਤੇ ਬੈਠ ਜਾਣ।"*[14]

ਨਾਵਲ ਵਿਚ ਥਾਂ-ਥਾਂ ਵਰਤੀ ਪਿੱਛਲ-ਝਾਤ ਦੀ ਜੁਗਤ ਰਚਨਾ ਨੂੰ ਨੀਰਸ ਬਣਾਉਣ ਦੀ ਬਜਾਇ ਰੌਚਿਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ ਕਿਉਂਕਿ ਇਸੇ ਤਕਨੀਕ ਰਾਹੀਂ ਲੇਖਕ ਤੁਲਨਾਤਮਕ ਜ਼ਾਵੀਏ ਤੋਂ ਪੇਸ਼ਕਾਰੀ ਕਰਦਾ ਹੈ। ਇਸੇ ਜੁਗਤ ਦੀ ਮੱਦਦ ਨਾਲ ਨਾਵਲਕਾਰ ਇੱਕੋ ਵੇਲੇ ਦੋ ਸਥਿਤੀਆਂ ਨੂੰ ਪਾਠਕ ਦੇ ਰੂ-ਬ-ਰੂ ਕਰਦਾ ਹੈ। ਇਕ ਪਾਸੇ ਉਹ ਇਸ ਦੌਰ ਤੋਂ ਪਹਿਲਾਂ ਦੇ ਪੰਜਾਬ ਜਾਂ ਹਰੇਕ ਘਰ ਦੀ ਖੁਸ਼ਹਾਲੀ ਬਿਆਨ ਕਰ ਜਾਂਦਾ ਹੈ ਅਤੇ ਨਾਲ ਹੀ ਖਾੜਕੂ ਲਹਿਰ ਦੇ ਵਜੋਂ ਉਪਜੇ ਦਰਦਨਾਕ ਅਤੇ ਤ੍ਰਾਸਦਿਕ ਮੰਜਰ ਨੂੰ ਸਪੱਸ਼ਟ ਕਰਦਾ ਹੈ:

> *"ਮੇਲੋ ਦੀਆਂ ਅੱਖਾਂ 'ਚੋਂ ਅੱਥਰੂ ਨਿਕਲ ਕੇ ਉਸਦੇ ਚਿਹਰੇ 'ਤੇ ਆ ਗਏ..ਗੁਰਮੀਤ ਦਾ ਹੱਸਦੇ ਦਾ ਚਿਹਰਾ ਉਹਦੇ ਸਾਹਮਣੇ ਆ ਗਿਆ..ਉਸਨੂੰ ਯਾਦ ਆਇਆ ਕਈ ਸਾਲ ਪਹਿਲਾਂ ਉਹਨਾਂ ਦੀ ਕੰਧ ਡਿੱਗ ਪਈ ਸੀ..ਗੁਰਮੀਤ ਢਲਾਣ ਤੋਂ ਖਿਲਕਦਾ ਹੇਠਾਂ ਆਉਂਦਾ ਸੀ..ਕਦੇ ਕਦੇ ਰੋਕਣ ਦੇ ਬਾਵਜੂਦ ਆਥਣੇ ਪੱਠੇ ਕੁਤਰਨ ਵਾਲੀ ਮਸ਼ੀਨ ਐਨੀ ਤੇਜ਼ ਚਲਾਉਂਦਾ ਸੀ.. ਟਟਹਿਨਿਆਂ ਵਾਂਗੂੰ ਟਹਿਕਦਾ ਗੁਰਮੀਤ ਉਸਦੇ ਸਾਹਮਣੇ ਸੀ...ਥਾਣੇਦਾਰ ਦਾ ਡਰਾਵਨਾ ਚਿਹਰਾ ਉਸਦੇ ਸਾਹਮਣੇ ਆਉਂਦਿਆਂ ਹੀ ਉਸਨੂੰ ਹੌਲ ਪੈਣ ਲੱਗ ਪਏ..।"*[15]

ਇਸ ਪ੍ਰਕਾਰ ਨਾਵਲਕਾਰ ਨੇ ਆਪਣੇ ਅਨੁਭਵ ਰਾਹੀਂ ਖਾੜਕੂ ਲਹਿਰ ਦੇ ਜਿਹੜੇ ਪ੍ਰਭਾਵ/ਬਿੰਬ ਸਿੱਧੇ-ਅਸਿੱਧੇ ਰੂਪ ਵਿੱਚ ਗ੍ਰਹਿਣ ਕੀਤੇ; ਉਹਨਾਂ ਨੂੰ ਕਾਲਪਨਿਕ,

ਗਾਲਪਨਿਕ ਅਤੇ ਕਲਾਤਮਕ ਰੰਗਣ ਦੇ ਕੇ ਆਪਣੀ ਰਚਨਾ ਦੀ ਸਾਰਥਿਕਤਾ ਅਤੇ ਮਹੱਤਤਾ 'ਚ ਵਾਧਾ ਕੀਤਾ ਹੈ।

ਸਮੁੱਚੇ ਰੂਪ ਵਿਚ ਇਸ ਨਾਵਲ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਖਾੜਕੂ ਲਹਿਰ ਵੇਲੇ ਹੋਏ ਮਨੁੱਖਤਾ ਦੇ ਘਾਣ ਦੀ ਗਾਥਾ ਹੈ। ਇਹ ਪੁਸਤਕ ਹਰ ਉਸ ਮਾਂ ਦੀ ਮਨੋਦਸ਼ਾ ਸਾਡੇ ਸਾਹਮਣੇ ਪ੍ਰਗਟ ਕਰਦੀ ਹੈ, ਜਿਨ੍ਹਾਂ ਦੇ ਪੁੱਤਰ ਖਾੜਕੂ ਲਹਿਰ ਵੇਲੇ ਜਾਂ ਤਾਂ ਪੁਲਿਸ ਨਾਲ ਲੁਕਣਮੀਚੀ ਖੇਡਦੇ ਰਹੇ ਜਾਂ ਫਿਰ ਪੁਲਿਸ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੋ ਗਏ। ਨਾਵਲ ਵਿਚੋਂ ਉਨ੍ਹਾਂ ਭ੍ਰਿਸ਼ਟ ਪੁਲਿਸ ਮੁਲਾਜ਼ਮਾਂ ਅਤੇ ਰਾਜਨੇਤਾਵਾਂ ਦੇ ਕਰੂਪ ਚਿਹਰੇ ਪ੍ਰਗਟ ਹੁੰਦੇ ਹਨ, ਜਿਨ੍ਹਾਂ ਨੇ ਲੋਕਾਂ ਦੇ ਡਰ ਦਾ ਫ਼ਾਇਦਾ ਉਠਾ ਕੇ ਆਪਣੇ ਢਿੱਡ ਭਰਨ ਅਤੇ ਉੱਚੇ ਅਹੁਦੇ ਲੈਣ ਲਈ ਹਰ ਹੀਲਾ-ਵਸੀਲਾ ਅਪਣਾਇਆ। ਪੰਜਾਬ ਦੇ ਬੁਰੇ ਦਿਨਾਂ ਨੂੰ ਸਾਕਾਰ ਕਰਦਾ ਇਹ ਨਾਵਲ ਆਮ ਬੇਦੋਸ਼ੇ ਲੋਕਾਂ ਅਤੇ ਮਾਵਾਂ ਦੇ ਦਿਲਾਂ ਦੀ ਹੂਕ ਹੋ ਨਿੱਬੜਦਾ ਹੈ, ਜਿਨ੍ਹਾਂ ਨੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਹੰਢਾਇਆ। ਇਹ ਦੌਰ ਪੰਜਾਬ ਲਈ ਬੜਾ ਭਿਆਨਕ ਸਿੱਧ ਹੋਇਆ ਕਿਉਂਕਿ ਜਿਹੜੇ ਲੋਕ ਪਹਿਲਾਂ ਮਿਲ ਕੇ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਪੂਰਨ ਭਗਤ, ਰੂਪ-ਬਸੰਤ ਆਦਿ ਦੇ ਕਿੱਸੇ ਸੁਣਦੇ-ਸੁਣਾਉਂਦੇ ਸਨ, ਉਨ੍ਹਾਂ ਦੀਆਂ ਜ਼ੁਬਾਨਾਂ 'ਤੇ ਅੱਜ-ਕੱਲ੍ਹ ਖ਼ੂਨ-ਖ਼ਰਾਬੇ ਦੀਆਂ ਗੱਲਾਂ ਸਨ। ਇਹ ਨਾਵਲ ਉਨ੍ਹਾਂ ਸਿਵਿਆਂ ਦੀ ਬਾਤ ਪਾਉਂਦਾ ਹੈ, ਜਿਹੜੇ ਮਾਵਾਂ-ਭੈਣਾਂ ਦੇ ਕਲੇਜਿਆਂ ਅੰਦਰ ਧੁਖ ਰਹੇ ਸਨ, ਜਿਨ੍ਹਾਂ ਵਿਚ, ਪਤਾ ਨਹੀਂ ਕਿੰਨੇ ਹੀ ਪੁੱਤਰਾਂ, ਭਰਾਵਾਂ ਅਤੇ ਸਿਰ ਦੇ ਸਾਈਆਂ ਦੀਆਂ ਯਾਦਾਂ ਉਬਾਲੇ ਮਾਰ ਰਹੀਆਂ ਸਨ। ਇਸ ਪ੍ਰਕਾਰ ਇਹ ਨਾਵਲ ਪੰਜਾਬ ਦੀ ਮਾਨਸਿਕਤਾ 'ਚ ਘਰ ਕਰੀ ਬੈਠੇ ਉਸ ਸੰਤਾਪ ਦੀਆਂ ਅਨੇਕਾਂ ਪਰਤਾਂ ਦੀ ਮਾਰਮਿਕ ਪੇਸ਼ਕਾਰੀ ਕਰਦਾ ਹੈ, ਜਿਸ ਰਾਹੀਂ ਅਸੀਂ ਉਸ ਦੌਰ ਦੀ ਹਨੇਰੀ 'ਚ ਗੁਆਚੇ ਅਸਲ ਸੱਚ ਨੂੰ ਤਲਾਸ਼ਣ ਦਾ ਯਤਨ ਕਰ ਸਕਦੇ ਹਾਂ ਜਾਂ ਉਹ ਪਹੁੰਚ ਅਪਣਾ ਸਕਦੇ ਹਾਂ ਜੋ ਸਾਨੂੰ ਇਸ ਸੱਚ ਦੇ ਆਰ-ਪਾਰ ਲਿਜਾ ਸਕਦੀ ਹੈ। ਜਿਸ ਸੱਚ ਦੇ ਆਲੇ-ਦੁਆਲੇ ਦੰਭੀ ਚਾਲਾਂ ਤੇ ਭ੍ਰਿਸ਼ਟ ਅਫ਼ਸਰਾਂ ਦੀ ਕੋਝੀ ਕਾਰਵਾਈ ਦੇ ਕਲਪਿਤ ਸੱਚ ਨੇ ਘੇਰਾ ਪਾਇਆ ਹੋਇਆ ਹੈ। ਇਹ ਨਾਵਲ ਖਾੜਕੂ ਲਹਿਰ ਨਾਲ ਸੰਬੰਧਿਤ ਰਚਨਾਵਾਂ 'ਚ ਇਕ ਅਜਿਹਾ ਹਾਸਲ ਹੈ ਜੋ ਬੀਤੇ ਦੀ ਬਾਤ ਨੂੰ ਅੱਖਾਂ ਸਾਹਮਣੇ ਇਉਂ ਸਾਕਾਰ ਕਰ ਦਿੰਦਾ ਹੈ ਜਿਵੇਂ ਸਭ ਕੁਝ ਅੱਖੀਂ ਦੇਖਿਆ ਹੋਵੇ। ਇਸ ਤਰ੍ਹਾਂ ਸੰਤੁਲਿਤ ਤੇ ਬੇਬਾਕ ਪੇਸ਼ਕਾਰੀ ਵਾਲੀ ਰਚਨਾ 'ਬਾਕੀ ਸਫ਼ਾ 5 'ਤੇ' ਆਪਣੇ ਸਿਰਲੇਖ 'ਚ ਬਹੁਤ ਕੁਝ ਸੰਜੋਈ ਬੈਠੀ ਹੈ। ਜਿਵੇਂ ਕਿਸੇ ਅਖ਼ਬਾਰ ਦੀ ਕਿਸੇ ਅਧੂਰੀ ਖ਼ਬਰ ਨੂੰ ਪੂਰੀ ਕਰਨ ਲਈ ਸਫ਼ਾ 5 ਪੜ੍ਹਨਾ ਪੈਂਦਾ ਹੈ; ਉਸੇ ਤਰ੍ਹਾਂ ਬਹੁਤ ਕੁਝ ਅਜਿਹਾ ਹੈ ਜੋ ਸਾਹਮਣੇ ਨਹੀਂ, ਇਹ ਨਾਵਲ ਉਸ ਬਹੁਤ ਕੁਝ ਨੂੰ ਤਲਾਸ਼ਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਕੋਰਪਾਲ, ਹਰਕੰਵਲ, (2012), ਪੰਜਾਬੀ ਪੱਤਰਕਾਰੀ ਦੇ ਵਿਚਾਰਧਾਰਾਈ ਆਧਾਰ (1975 ਤੋਂ 1995 ਤਕ) (ਖੋਜ-ਪ੍ਰਬੰਧ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨੇ-418-419*
2. *ਰੂਪ ਸਿੰਘ, (2019), ਬਾਕੀ ਸਫ਼ਾ 5 'ਤੇ, ਨਵਯੁਗ ਪਬਲਿਸ਼ਰਜ਼, ਹੌਜ਼ ਖ਼ਾਸ, ਨਵੀਂ ਦਿੱਲੀ, ਪੰਨਾ: 35*
3. *ਥਿੰਦ, ਸੁਖਪਾਲ ਸਿੰਘ, (2012), ਪੰਜਾਬੀ ਗਲਪ ਦੇ ਆਰ-ਪਾਰ, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰਨਾ: 134*
4. *ਰੂਪ ਸਿੰਘ, ਉਹੀ, ਪੰਨਾ: 8*
5. *ਉਹੀ, ਪੰਨਾ: 64*
6. *ਬਲਜੀਤ ਕੌਰ (ਡਾ.), (2007), ਵੀਹਵੀਂ ਸਦੀ ਦੀ ਪੰਜਾਬੀ ਕਵਿਤਾ : ਸਰੂਪ ਅਤੇ ਵਿਕਾਸ, ਰਿਜ਼ਨਲ ਕੈਂਪਸ, ਜਲੰਧਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ: 230*
7. *ਰੂਪ ਸਿੰਘ, ਉਹੀ, ਪੰਨਾ: 45*
8. *ਗਿੱਲ, ਮਿਹਰ ਸਿੰਘ (ਡਾ.), (2004), ਸਿੱਖ ਵਿਰੋਧੀ ਪ੍ਰਵਚਨ ਦਾ ਪ੍ਰਤੀਕ, ਸਾਕਾ ੮੪, ਪ੍ਰਭਸ਼ਰਨਬੀਰ ਸਿੰਘ, ਸਵਿਤਰ ਪ੍ਰੈਸ, ਚੰਡੀਗੜ੍ਹ, ਪੰਨਾ: 19*
9. *ਰੂਪ ਸਿੰਘ, ਉਹੀ, ਪੰਨਾ: 214*
10. *ਉਹੀ, ਪੰਨਾ: 48*
11. *ਉਹੀ, ਪੰਨਾ: 30*
12. *ਉਹੀ, ਪੰਨਾ: 98*
13. *ਉਹੀ, ਪੰਨਾ: 23*
14. *ਉਹੀ, ਪੰਨਾ: 187*
15. *ਉਹੀ, ਪੰਨਾ: 27*



## *Cite this Article-*

*ਡਾ. ਜਸਪਾਲ ਸਿੰਘ (Dr. Jaspal Singh), ਰੂਪ ਸਿੰਘ ਦਾ ਨਾਵਲ 'ਬਾਕੀ ਸਫ਼ਾ 5 'ਤੇ': ਇੱਕ ਅਧਿਐਨ (Roop Singh Da Naval 'Baki Safa 5 Te': Ikk Adhyain), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 57-61.*

*Journal URL: www.armaan.org.in*

*DOI: https://doi.org/10.64119/armaan.vol.4.issue3.12*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/